Ministry of Labour

# ਰੁਜ਼ਗਾਰ ਮਿਆਰ ਕਾਨੂੰਨ, 2000 (Employment Standards Act, 2000) ਦੇ ਤਹਿਤ ਤੁਹਾਡੇ ਹੱਕ

**ਬੇਦਾਅਵਾ:** ਇਸ ਵਸੀਲੇ ਨੂੰ *ਰੁਜ਼ਗਾਰ ਮਿਆਰ ਕਾਨੂੰਨ, 2000* (Employment Standards Act, 2000) (ESA) ਅਤੇ ਵਿਨਿਯਮਾਂ ਦੇ ਤਹਿਤ ਸਥਾਪਤ ਕੁਝ ਨਿਊਨਤਮ ਹੱਕਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਣ ਵਿੱਚ ਕਰਮਚਾਰੀਆਂ ਅਤੇ ਰੁਜ਼ਗਾਰਦਾਤਿਆਂ ਦੀ ਮਦਦ ਦੇ ਲਈ ਬਣਾਇਆ ਗਿਆ ਹੈ। ਇਹ ਕਾਨੂੰਨੀ ਸਲਾਹ ਨਹੀਂ ਹੈ। ਇਸਦਾ ਉਦੇਸ਼ ESA ਜਾਂ ਵਿਨਿਯਮਾਂ ਦੀ ਥਾਂ ਲੈਣਾ ਨਹੀਂ ਹੈ ਅਤੇ ਹਮੇਸ਼ਾ ਕਾਨੂੰਨ ਦੇ ਸਰਕਾਰੀ ਸੰਸਕਰਨ ਨੂੰ ਦੇਖਣਾ ਜ਼ਰੂਰੀ ਹੁੰਦਾ ਹੈ। ਹਾਲਾਂਕਿ ਅਸੀਂ ਇਹ ਯਕੀਨੀ ਬਣਾਉਣਾ ਦੀ ਕੋਸ਼ਸ਼ ਕੀਤੀ ਹੈ ਕਿ ਇਸ ਵਸੀਲੇ ਵਿੱਚ ਜਾਣਕਾਰੀ ਨਵੀਨਤਮ ਅਤੇ ਬਿਲਕੁਲ ਸਹੀ ਹੋਵੇ, ਪਰ ਕਦੇ-ਕਦੇ ਗਲਤੀਆਂ ਹੋ ਜਾਂਦੀਆਂ ਹਨ। ESA ਸਿਰਫ ਨਿਊਨਤਮ ਮਿਆਰ ਦੱਸਦਾ ਹੈ। ਰੁਜ਼ਗਾਰ ਸਬੰਧੀ ਇਕਰਾਰਨਾਮੇ, ਸਮੂਹਕ ਸਮਝੌਤੇ, ਆਮ ਕਾਨੂੰਨ ਜਾਂ ਕਿਸੇ ਦੂਜੇ ਕਾਨੂੰਨ ਮੁਤਾਬਕ ਕੁਝ ਕਰਮਚਾਰੀਆਂ ਦੇ ਵਾਧੂ ਹੱਕ ਹੋ ਸਕਦੇ ਹਨ। ਚੰਗਾ ਹੋਵੇ ਜੇ ਕਰਮਚਾਰੀ ਅਤੇ ਰੁਜ਼ਗਾਰਦਾਤਾ ਕਾਨੂੰਨੀ ਸਲਾਹ ਪ੍ਰਾਪਤ ਕਰਨ।

ਇਸ ਜਾਣਕਾਰੀ ਪੱਤਰ ਵਿੱਚ ਓਨਟਾਰਿਓ ਵਿੱਚ ਕੰਮ ਕਰ ਰਹੇ ਇੱਕ ਵਿਦੇਸ਼ੀ ਨਾਗਰਿਕ ਵਜੋਂ ਰੁਜ਼ਗਾਰ ਮਿਆਰ ਕਾਨੂੰਨ, 2000 (Employment Standards Act, 2000) (ESA) ਤਹਿਤ ਤੁਹਾਡੇ ਹੱਕਾਂ ਦਾ ਸੰਖੇਪ ਵੇਰਵਾ ਦਿੱਤਾ ਗਿਆ ਹੈ। ESA ਉਹ ਕਾਨੂੰਨ ਹੈ ਜੋ ਓਨਟਾਰਿਓ ਦੀਆਂ ਜ਼ਿਆਦਾਤਰ ਕੰਮ ਕਰਨ ਵਾਲੀਆਂ ਥਾਂਵਾਂ ਲਈ ਨਿਊਨਤਮ ਵੇਤਨ ਅਤੇ ਕੰਮ ਕਰਨ ਦੇ ਘੰਟਿਆਂ ਦੀਆਂ ਸੀਮਾਵਾਂ ਵਰਗੇ ਨਿਊਨਤਮ ਮਿਆਰ ਤੈਅ ਕਰਦਾ ਹੈ। ਕੁਝ ਕਰਮਚਾਰੀਆਂ ਲਈ ਛੋਟਾਂ ਅਤੇ ਵਿਸ਼ੇਸ਼ ਨਿਯਮ ਹੋ ਸਕਦੇ ਹਨ। ਇਹ ਦੇਖਣ ਲਈ ਕਿ ਤੁਹਾਡੇ ਪੇਸ਼ੇ 'ਤੇ ਵਿਸ਼ੇਸ਼ ਨਿਯਮ ਜਾਂ ਛੋਟਾਂ ਲਾਗੂ ਹੁੰਦੀਆਂ ਹਨ ਜਾਂ ਨਹੀਂ, Ontario.ca/ESAtools 'ਤੇ ਜਾਓ।

ਤੁਹਾਡੇ ਰੁਜ਼ਗਾਰਦਾਤਾ ਲਈ ਵੀ ਜ਼ਰੂਰੀ ਹੈ ਕਿ ਤੁਹਾਡੇ ਕਰਮਚਾਰੀ ਬਣਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਉਹ ਤੁਹਾਨੂੰ *ਰੁਜ਼ਗਾਰ ਮਿਆਰ ਪੋਸਟਰ* (Employment Standards Poster) ਦੀ ਕਾਪੀ ਦੇਵੇ। ਤੁਸੀਂ ਇਸ ਦੇ ਅਨੁਵਾਦ ਦੀ ਵੀ ਮੰਗ ਕਰ ਸਕਦੇ ਹੋ ਅਤੇ ਜੇ ਉਹ ਕਿਰਤ ਮੰਤਰਾਲੇ (Ministry of Labour) ਕੋਲ ਉਪਲਬਧ ਹੋਵੇ ਤਾਂ ਤੁਹਾਡੇ ਰੁਜ਼ਗਾਰਦਾਤਾ ਲਈ ਜ਼ਰੂਰੀ ਹੈ ਕਿ ਅੰਗਰੇਜ਼ੀ ਵਾਲੀ ਕਾਪੀ ਦੇ ਨਾਲ-ਨਾਲ ਉਹ ਇਹ ਅਨੁਵਾਦ ਵੀ ਤੁਹਾਨੂੰ ਦੇਵੇ। ਇਹ ਪੋਸਟਰ Ontario.ca/ESAposter ਵਿਖੇ ਉਪਲਬਧ ਹੈ।

## ਕਾਰਜ ਸਥਾਨ 'ਤੇ ਮੇਰੇ ਰੁਜ਼ਗਾਰ ਸਬੰਧੀ ਮਿਆਰੀ ਹੱਕ ਕੀ ਹਨ?

### ਤੁਹਾਡੇ ਵੇਤਨ ਦਾ ਨੇਮ ਨਾਲ ਭੁਗਤਾਨ ਅਤੇ ਵੇਤਨ ਸਟੇਟਮੈਂਟਾਂ

ਤੁਹਾਨੂੰ ਵੇਤਨ ਦੇ ਲਈ ਤੈਅ ਦਿਨ (ਪੇਅਡੇ) ਨੂੰ ਵੇਤਨ ਦਿੱਤਾ ਜਾਣਾ ਚਾਹੀਦਾ ਹੈ ਅਤੇ ਵੇਤਨ ਸਟੇਟਮੈਂਟ ਵੀ ਮਿਲਣੀ ਚਾਹੀਦੀ ਹੈ।

### ਕੰਮ ਕਰਨ ਦੇ ਘੰਟਿਆਂ ਦੀਆਂ ਸੀਮਾਵਾਂ ਅਤੇ ਖਾਣ-ਪੀਣ ਦੇ ਅਰਸੇ

ਆਮ ਤੌਰ 'ਤੇ ਤੁਹਾਨੂੰ ਦਿਨ ਵਿੱਚ 8 ਘੰਟਿਆਂ ਜਾਂ ਕੰਮ ਦੇ ਰੋਜ਼ਾਨਾ ਦੇ ਨਿਯਤ ਕਾਰਜਕ੍ਰਮ (ਜੇ ਉਹ 8 ਘੰਟਿਆਂ ਤੋਂ ਵੱਧ ਹੈ) ਤੋਂ ਵੱਧ, ਜਾਂ ਹਫਤੇ ਵਿੱਚ 48 ਘੰਟਿਆਂ ਤੋਂ ਵੱਧ ਕੰਮ ਕਰਨ ਲਈ ਨਹੀਂ ਆਖਿਆ ਜਾ ਸਕਦਾ। ਜ਼ਿਆਦਾਤਰ ਕਰਮਚਾਰੀਆਂ ਨੂੰ ਹਰ ਰੋਜ਼ ਘੱਟੋ-ਘੱਟ 11 ਲਗਾਤਾਰ ਘੰਟਿਆਂ ਦੀ ਕੰਮ ਤੋਂ ਛੁੱਟੀ

ਅਤੇ ਹਫਤੇ ਵਿੱਚ 24 ਘੰਟਿਆਂ ਦੀ ਲਗਾਤਾਰ ਕੰਮ ਤੋਂ ਛੁੱਟੀ ਜਾਂ ਹਰ ਦੋ ਹਫਤਿਆਂ ਵਿੱਚ 48 ਘੰਟਿਆਂ ਦੀ ਲਗਾਤਾਰ ਕੰਮ ਤੋਂ ਛੁੱਟੀ ਦਾ ਹੱਕ ਹੁੰਦਾ ਹੈ। ਤੁਸੀਂ ਇਸ ਨਾਲੋਂ ਵੱਧ ਘੰਟਿਆਂ ਲਈ ਕੰਮ ਕਰ ਸਕਦੇ ਹੋ ਜੇ ਤੁਸੀਂ ਇਸਦੇ ਲਈ ਲਿਖਤੀ, ਇਲੈਕਟ੍ਰਾਨਿਕ ਤਰਕੇ ਸਮੇਤ, ਸਹਿਮਤੀ ਦਿੰਦੇ ਹੋ ਅਤੇ ਕੁਝ ਸ਼ਰਤਾਂ ਪੂਰੀਆਂ ਕਰਦੇ ਹੋ। 30 ਮਿੰਟਾਂ ਦੇ ਖਾਣ-ਪੀਣ ਦੇ ਅਰਸੇ ਦੇ ਬਿਨਾਂ ਤੁਸੀਂ 5 ਘੰਟਿਆਂ ਤੋਂ ਵੱਧ ਲਗਾਤਾਰ ਕੰਮ ਨਹੀਂ ਕਰ ਸਕਦੇ।

## ਓਵਰਟਾਈਮ ਲਈ ਵੇਤਨ

ਜ਼ਿਆਦਾਤਰ ਕੰਮਾਂ ਲਈ ਹਫਤੇ ਵਿੱਚ 44 ਘੰਟੇ ਦੇ ਕੰਮ ਦੇ ਬਾਅਦ ਓਵਰਟਾਈਮ ਲਈ ਭੁਗਤਾਨ ਕੀਤਾ ਜਾਂਦਾ ਹੈ। ਓਵਰਟਾਈਮ ਲਈ ਭੁਗਤਾਨ ਦੀ ਦਰ ਤੁਹਾਡੇ ਸਧਾਰਨ ਵੇਤਨ ਦੀ ਦਰ ਦਾ ਘੱਟੋ-ਘੱਟ ਡੇਢ ਗੁਣਾ ਹੋਣੀ ਚਾਹੀਦੀ ਹੈ। ਓਵਰਟਾਈਮ ਬਾਰੇ ਅਤੇ ਕੰਮ ਦੇ ਘੰਟਿਆਂ ਅਤੇ ਖਾਣ-ਪੀਣ ਦੇ ਅਰਸਿਆਂ ਦੀਆਂ ਸੀਮਾਵਾਂ ਬਾਰੇ ਹੋਰ ਜਾਣਕਾਰੀ ਤੁਹਾਨੂੰ Ontario.ca/hoursofwork ਵਿਖੇ ਮਿਲ ਸਕਦੀ ਹੈ।

## ਘੱਟੋ-ਘੱਟ ਵੇਤਨ

ਜ਼ਿਆਦਾਤਰ ਕਰਮਚਾਰੀ ਘੱਟੋ-ਘੱਟ ਨਿਊਨਤਮ ਵੇਤਨ ਦੇ ਭੁਗਤਾਨ ਦੇ ਹੱਕਦਾਰ ਹੁੰਦੇ ਹਨ। ਇਸ ਦੀਆਂ ਜ਼ਿਆਦਾਤਰ ਵਰਤਮਾਨ ਦਰਾਂ ਤੁਹਾਨੂੰ Ontario.ca/minimumwage ਵਿਖੇ ਮਿਲ ਸਕਦੀਆਂ ਹਨ।

## ਵੇਤਨ ਸਮੇਤ ਛੁੱਟੀਆਂ

ਪੰਜ ਸਾਲਾਂ ਤੋਂ ਘੱਟ ਸਮੇਂ ਲਈ ਕੰਮ ਕਰ ਰਹੇ ਜ਼ਿਆਦਾਤਰ ਕਰਮਚਾਰੀ ਹਰ 12 ਮਹੀਨਿਆਂ ਬਾਅਦ ਘੱਟੋ-ਘੱਟ ਦੋ ਹਫਤੇ ਦੀਆਂ ਛੁੱਟੀਆਂ, ਅਤੇ ਆਪਣੀ ਕਮਾਈ ਗਈ ਕੁੱਲ ਉਜਰਤ ਦੇ ਘੱਟੋ-ਘੱਟ 4% ਦੇ ਬਰਾਬਰ ਛੁੱਟੀਆਂ ਦੇ ਵੇਤਨ ਦੇ ਹੱਕਦਾਰ ਹੁੰਦੇ ਹਨ। ਪੰਜ ਸਾਲ ਜਾਂ ਉਸ ਤੋਂ ਵੱਧ ਸਮੇਂ ਲਈ ਕੰਮ ਕਰ ਰਹੇ ਜ਼ਿਆਦਾਤਰ ਕਰਮਚਾਰੀ ਹਰ 12 ਮਹੀਨਿਆਂ ਬਾਅਦ ਘੱਟੋ-ਘੱਟ ਤਿੰਨ ਹਫਤੇ ਦੀਆਂ ਛੁੱਟੀਆਂ, ਅਤੇ ਆਪਣੀ ਕਮਾਈ ਗਈ ਕੁੱਲ ਉਜਰਤ ਦੇ ਘੱਟੋ-ਘੱਟ 6% ਦੇ ਬਰਾਬਰ ਛੁੱਟੀਆਂ ਦੇ ਵੇਤਨ ਦੇ ਹੱਕਦਾਰ ਹੁੰਦੇ ਹਨ।

## ਸਰਕਾਰੀ ਛੁੱਟੀਆਂ ਅਤੇ ਸਰਕਾਰੀ ਛੁੱਟੀ ਵਾਲੇ ਦਿਨ ਦਾ ਵੇਤਨ

ਓਨਟਾਰਿਓ ਵਿੱਚ ਹਰ ਸਾਲ ਨੌਂ ਸਰਕਾਰੀ ਛੁੱਟੀਆਂ ਹੁੰਦੀਆਂ ਹਨ। ਜ਼ਿਆਦਾਤਰ ਕਰਮਚਾਰੀਆਂ ਨੂੰ ਇਹਨਾਂ ਦਿਨਾਂ ਨੂੰ ਕੰਮ ਤੋਂ ਛੁੱਟੀ ਅਤੇ ਸਰਕਾਰੀ ਛੁੱਟੀ ਵਾਲੇ ਦਿਨ ਦੇ ਵੇਤਨ ਦੇ ਭੁਗਤਾਨ ਦਾ ਹੱਕ ਹੁੰਦਾ ਹੈ। ਸਰਕਾਰੀ ਛੁੱਟੀਆਂ ਬਾਰੇ ਹੋਰ ਜਾਣਕਾਰੀ ਲਈ Ontario.ca/publicholidays 'ਤੇ ਜਾਓ।

## ਗੈਰਹਾਜ਼ਰ ਰਹਿਣ ਦੀਆਂ ਛੁੱਟੀਆਂ

ਗਰਭ, ਬੱਚਿਆਂ ਦੇ ਪਾਲਣ-ਪੋਸ਼ਣ, ਪਰਿਵਾਰ ਵਿੱਚ ਕਿਸੇ ਦੀ ਦੇਖਭਾਲ ਕਰਨ, ਬਿਮਾਰੀ, ਪਰਿਵਾਰਕ ਜ਼ਿੰਮੇਵਾਰੀ ਅਤੇ ਸੋਗ ਦੀ ਹਾਲਤ ਲਈ ਕਈ ਬਿਨਾਂ ਵੇਤਨ ਵਾਲੀਆਂ ਛੁੱਟੀਆਂ ਹੁੰਦੀਆਂ ਹਨ ਜਦ ਤੁਹਾਡੀ ਨੌਕਰੀ ਸੁਰੱਖਿਅਤ ਰਹਿੰਦੀ ਹੈ। ਯੋਗ ਕਰਮਚਾਰੀਆਂ ਨੂੰ ਨੌਕਰੀ ਸੁਰੱਖਿਅਤ ਰੱਖਦੇ ਹੋਏ ਬਿਨਾਂ ਵੇਤਨ ਛੁੱਟੀ ਦਾ ਹੱਕ ਹੁੰਦਾ ਹੈ ਭਾਵੇਂ ਤੁਸੀਂ ਫੁੱਲ਼-ਟਾਈਮ ਕਰਮਚਾਰੀ ਹੋਵੋ ਜਾਂ ਪਾਰਟ-ਟਾਈਮ, ਪੱਕੇ ਕਰਮਚਾਰੀ ਹੋਵੋ ਜਾਂ ਠੇਕੇ 'ਤੇ ਕੰਮ ਕਰਨ ਵਾਲੇ। ਗੈਰਹਾਜ਼ਰ ਰਹਿਣ ਦੀਆਂ ਛੁੱਟੀਆਂ ਬਾਰੇ ਹੋਰ ਜਾਣਕਾਰੀ ਲਈ Ontario.ca/ESAguide 'ਤੇ ਜਾਓ।

## ਨੌਕਰੀ ਸਮਾਪਤੀ ਨੋਟਿਸ ਅਤੇ/ਜਾਂ ਨੋਟਿਸ ਦੀ ਥਾਂ 'ਤੇ ਵੇਤਨ (ਜੇ ਤੁਸੀਂ ਘੱਟੋ-ਘੱਟ ਤਿੰਨ ਮਹੀਨਿਆਂ ਤੋਂ ਕੰਮ ਕਰ ਰਹੇ ਹੋ)

ਜੇ ਤੁਸੀਂ ਘੱਟੋ-ਘੱਟ ਤਿੰਨ ਮਹੀਨਿਆਂ ਤੋਂ ਕੰਮ ਕਰ ਰਹੇ ਹੋ ਅਤੇ ਜੇ ਤੁਹਾਡਾ ਰੁਜ਼ਗਾਰਦਾਤਾ ਤੁਹਾਡੇ ਨਾਲ ਰੁਜ਼ਗਾਰ ਦੇ ਰਿਸ਼ਤੇ ਨੂੰ ਖਤਮ ਕਰਦਾ ਹੈ ਤਾਂ ਆਮ ਤੌਰ 'ਤੇ ਤੁਹਾਨੂੰ ਨੌਕਰੀ ਸਮਾਪਤੀ ਦਾ ਨੋਟਿਸ ਪ੍ਰਾਪਤ ਕਰਨ ਦਾ ਹੱਕ ਹੈ। ਤੁਹਾਨੂੰ ਕੰਮ ਕਰਨ ਦੌਰਾਨ ਨੋਟਿਸ ਮਿਲ ਸਕਦਾ ਹੈ, ਨੋਟਿਸ ਦੀ ਥਾਂ 'ਤੇ ਵੇਤਨ ਮਿਲ ਸਕਦਾ ਹੈ ਜਾਂ ਦੋਨਾਂ ਦਾ ਸੁਮੇਲ ਮਿਲ ਸਕਦਾ ਹੈ। ਆਮ ਤੌਰ 'ਤੇ ਤੁਹਾਨੂੰ ਮਿਲਣ ਵਾਲੇ ਨੋਟਿਸ ਦੀ ਘੱਟੋ-ਘੱਟ ਮਿਆਦ ਇੱਕ ਹਫਤੇ (ਜੇ ਤੁਸੀਂ ਘੱਟੋ-ਘੱਟ ਤਿੰਨ ਮਹੀਨਿਆਂ ਤੋਂ ਪਰ ਇੱਕ ਸਾਲ ਤੋਂ ਘੱਟ ਸਮੇਂ ਤੋਂ ਨੌਕਰੀ ਕਰ ਰਹੇ ਹੋ) ਤੋਂ ਅੱਠ ਹਫਤੇ (ਜੇ ਤੁਸੀਂ 8 ਸਾਲ ਜਾਂ ਵੱਧ ਸਮੇਂ ਤੋਂ ਨੌਕਰੀ ਕਰ ਰਹੇ ਹੋ) ਤਕ ਹੋ ਸਕਦੀ ਹੈ। ਇਹ ਪਤਾ ਕਰਨ ਲਈ ਕਿ ਤੁਸੀਂ ਨੌਕਰੀ ਸਮਾਪਤੀ ਨੋਟਿਸ ਜਾਂ ਵੇਤਨ ਦੇ ਭੁਗਤਾਨ ਦੇ ਹੱਕਦਾਰ ਹੋ ਜਾਂ ਨਹੀਂ, Ontario.ca/ESAtools ਵਿਖੇ ਸਮਾਪਤੀ ਟੂਲ (Termination Tool) ਨੂੰ ਆਜ਼ਮਾ ਕੇ ਦੇਖੋ।

## ਮਿੱਥੇ ਕੰਮ ਦੀ ਸਮਾਪਤੀ (Termination of assignment) ਦਾ ਨੋਟਿਸ ਅਤੇ/ਜਾਂ ਨੋਟਿਸ ਦੀ ਥਾਂ 'ਤੇ ਵੇਤਨ (ਆਰਜ਼ੀ ਸਹਾਇਤਾ ਏਜੰਸੀ ਦੇ ਲਈ ਮਿੱਥੇ ਕੰਮ ਕਰਨ ਵਾਲੇ ਕਰਮਚਾਰੀਆਂ (assignment employees) 'ਤੇ ਲਾਗੂ ਹੁੰਦਾ ਹੈ)

ਮਿੱਥੇ ਕੰਮ ਨੂੰ ਰੋਕਣਾ ਨੌਕਰੀ ਦੀ ਸਮਾਪਤੀ ਨਾਲੋਂ ਵੱਖਰਾ ਹੈ ਅਤੇ ਇਹ ਤਦ ਹੁੰਦਾ ਹੈ ਜਦ ਕਿਸੇ ਕਲਾਇੰਟ ਕੋਲ ਕੋਈ ਮਿੱਥੇ ਕੰਮ ਕਰਨ ਵਾਲੇ ਕਰਮਚਾਰੀ ਦਾ ਕੰਮ ਰੋਕ ਦਿੱਤਾ ਜਾਂਦਾ ਹੈ ਪਰ ਉਹ ਵਿਅਕਤੀ ਆਰਜ਼ੀ ਸਹਾਇਤਾ ਏਜੰਸੀ ਕੋਲ ਕੰਮ ਕਰਨਾ ਜਾਰੀ ਰੱਖਦਾ ਹੈ।

ਆਮ ਤੌਰ 'ਤੇ ਆਰਜ਼ੀ ਸਹਾਇਤਾ ਏਜੰਸੀ ਲਈ **ਇੱਕ ਹਫਤੇ ਦਾ ਕੰਮ ਸਮਾਪਤੀ ਦਾ ਲਿਖਤੀ ਨੋਟਿਸ ਜਾਂ ਕੰਮ ਸਮਾਪਤੀ ਦੇ ਲਈ ਵੇਤਨ ਜਾਂ ਦੋਨਾਂ ਦਾ ਸੁਮੇਲ** ਮੁਹੱਈਆ ਕਰਨਾ ਜ਼ਰੂਰੀ ਹੁੰਦਾ ਹੈ **ਜੇ:**

1. ਮਿੱਥੇ ਕੰਮ ਕਰਨ ਵਾਲੇ ਕਰਮਚਾਰੀ ਨੂੰ ਕਿਸੇ ਕਲਾਇੰਟ ਲਈ ਕੰਮ ਕਰਨ ਲਈ ਮਨੋਨੀਤ ਕੀਤਾ ਗਿਆ ਹੈ;
2. ਜਦ ਕਰਮਚਾਰੀ ਨੂੰ ਇਹ ਕੰਮ ਦੇਣ ਦੀ ਪੇਸ਼ਕਸ਼ ਕੀਤੀ ਗਈ ਸੀ, ਇਸ ਕੰਮ ਦੀ ਪ੍ਰਸਤਾਵਿਤ ਮਿਆਦ ਤਿੰਨ ਮਹੀਨੇ ਜਾਂ ਵੱਧ ਸੀ; ਅਤੇ
3. ਦਿੱਤੇ ਗਏ ਕੰਮ ਨੂੰ ਇਹ ਮਿਆਦ ਪੂਰੀ ਹੋਣ ਤੋਂ ਪਹਿਲਾਂ ਹੀ ਰੋਕ ਦਿੱਤਾ ਜਾਂਦਾ ਹੈ।

ਮਿੱਥੇ ਕੰਮ ਨੂੰ ਰੋਕਣ ਦੇ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ *ਰੁਜ਼ਗਾਰ ਮਿਆਰ ਕਾਨੂੰਨ 2000 ਲਈ ਤੁਹਾਡੀ ਗਾਈਡ (Your Guide to the Employment Standards Act, 2000),* ਵਿੱਚ ਅਧਿਆਇ "ਆਰਜ਼ੀ ਸਹਾਇਤਾ ਏਜੰਸੀਆਂ (Temporary Help Agencies) ਦੇਖੋ ਜੋ Ontario.ca/ESAguide. ਵਿਖੇ ਉਪਲਬਧ ਹੈ।

## ESA ਦੇ ਤਹਿਤ ਆਪਣੇ ਹੱਕ ਮੰਗਣ ਜਾਂ ਉਹਨਾਂ ਦੀ ਵਰਤੋਂ ਕਰਨ ਕਾਰਨ ਤੁਹਾਨੂੰ ਸਜ਼ਾ ਨਹੀਂ ਦਿੱਤੀ ਜਾ ਸਕਦੀ।

ਜੇ ਤੁਸੀਂ ESA ਦੇ ਤਹਿਤ ਆਪਣੇ ਹੱਕਾਂ ਬਾਰੇ ਪੁੱਛਦੇ ਹੋ ਜਾਂ ਆਪਣੇ ਹੱਕ ਮੰਗਦੇ ਹੋ ਤਾਂ ਰੁਜ਼ਗਾਰਦਾਤਾ ਕਿਸੇ ਵੀ ਤਰ੍ਹਾਂ ਦੀ ਕੋਈ ਵੀ ਸਜ਼ਾ ਤੁਹਾਨੂੰ ਨਹੀਂ ਦੇ ਸਕਦਾ ਜਿਸ ਵਿੱਚ ਤੁਹਾਡੇ ਨਾਲ ਰੁਜ਼ਗਾਰ ਵਾਲਾ ਰਿਸ਼ਤਾ ਖਤਮ ਕਰਨਾ ਵੀ ਸ਼ਾਮਲ ਹੈ। ESA ਦੇ ਤਹਿਤ ਹੱਕਾਂ ਬਾਰੇ ਸਵਾਲ ਪੁੱਛਣ ਜਾਂ ਹੱਕਾਂ ਦੀ ਵਰਤੋਂ ਕਰਨ 'ਤੇ ਤੁਹਾਡੇ ਰੁਜ਼ਗਾਰਦਾਤਾ ਦੁਆਰਾ ਦੰਡਿਤ ਨਾ ਕੀਤੇ ਜਾਣ ਦਾ ਤੁਹਾਨੂੰ ਹੱਕ ਹੈ।

# ਜੇ ਤੁਸੀਂ ਵਿਦੇਸ਼ੀ ਨਾਗਰਿਕ ਹੋ ਤਾਂ *ਵਿਦੇਸ਼ੀ ਨਾਗਰਿਕਾਂ ਲਈ ਰੁਜ਼ਗਾਰ ਸੁਰੱਖਿਆ ਕਾਨੂੰਨ, 2009* (Employment Protection for Foreign Nationals Act, 2009) ਤੁਹਾਡੇ 'ਤੇ ਲਾਗੂ ਹੁੰਦਾ ਹੈ

ਵਿਦੇਸ਼ੀ ਨਾਗਰਿਕਾਂ ਲਈ ਰੁਜ਼ਗਾਰ ਸੁਰੱਖਿਆ ਕਾਨੂੰਨ, 2009 (Employment Protection for Foreign Nationals Act, 2009) (EPFNA) ਦੇ ਤਹਿਤ ਆਉਣ ਵਾਲੇ ਵਿਦੇਸ਼ੀ ਨਾਗਰਿਕ ਨੂੰ ਇਸ ਦਸਤਾਵੇਜ਼ ਦੇ ਨਾਲ ਨਾਲ EPFNA ਦੇ ਤਹਿਤ ਆਪਣੇ ਹੱਕਾਂ ਬਾਰੇ ਜਾਣਕਾਰੀ ਪੱਤਰ ਪ੍ਰਾਪਤ ਕਰਨ ਦਾ ਵੀ ਹੱਕ ਹੈ। ਜੇ ਤੁਹਾਡੀ ਮੁੱਖ ਭਾਸ਼ਾ ਅੰਗਰੇਜ਼ੀ ਨਹੀਂ ਹੈ ਤਾਂ ਤੁਹਾਡੇ ਰੁਜ਼ਗਾਰਦਾਤਾ ਜਾਂ ਭਰਤੀਕਰਤਾ ਲਈ ਇਹ ਪਤਾ ਲਗਾਉਣਾ ਜ਼ਰੂਰੀ ਹੈ ਕਿ ਇਹ ਜਾਣਕਾਰੀ ਤੁਹਾਡੀ ਮੁੱਖ ਭਾਸ਼ਾ ਵਿੱਚ ਉਪਲਬਧ ਹੈ ਜਾਂ ਨਹੀਂ, ਅਤੇ ਜੇ ਇਹ ਉਪਲਬਧ ਹੈ, ਤਾਂ ਇਹ ਅਨੁਵਾਦ ਵੀ ਤੁਹਾਨੂੰ ਮੁਹੱਈਆ ਕਰੇ। ਹੋਰ ਜਾਣਕਾਰੀ ਲਈ ਕਿਰਪਾ ਕਰਕੇ Ontario.ca/EPFNA 'ਤੇ ਜਾਓ।

# ਜੇ ਤੁਸੀਂ ਕੁਝ ਪੁਛਣਾ ਚਾਹੁੰਦੇ ਹੋ ਜਾਂ ਕਲੇਮ ਦਰਜ ਕਰਨਾ ਚਾਹੁੰਦੇ ਹੋ

ਹੋਰ ਜਾਣਕਾਰੀ ਲਈ ਕਿਰਪਾ ਕਰਕੇ Ontario.ca/employmentstandards 'ਤੇ ਜਾਓ ਜਾਂ *ਰੁਜ਼ਗਾਰ ਮਿਆਰ ਜਾਣਕਾਰੀ ਕੇਂਦਰ* (Employment Standards Information Centre) ਨੂੰ (416) 326-7160 'ਤੇ (ਟੋਲ-ਫ੍ਰੀ 1-800-531-5551) 'ਤੇ ਜਾਂ, ਸੁਣਨ ਦੇ ਵਿਕਾਰ ਵਾਲੇ ਲੋਕ TTY 1-866-567-8893 'ਤੇ ਕਾਲ ਕਰੋ। ਜਾਣਕਾਰੀ ਬਹੁਤ ਸਾਰੀਆਂ ਭਾਸ਼ਾਵਾਂ ਵਿੱਚ ਉਪਲਬਧ ਹੈ।

ਜੇ ਤੁਸੀਂ ਸੋਚਦੇ ਹੋ ਕਿ ESA ਦੇ ਤਹਿਤ ਤੁਹਾਨੂੰ ਤੁਹਾਡੇ ਹੱਕ ਨਹੀਂ ਮਿਲੇ ਹਨ ਅਤੇ ਤੁਸੀਂ ਆਪਣਾ ਕਲੇਮ ਦਰਜ ਕਰਨਾ ਚਾਹੁੰਦੇ ਹੋ ਤਾਂ ਤੁਸੀਂ (Ontario.ca/ESAforms) ਵਿਖੇ *ਰੁਜ਼ਗਾਰ ਮਿਆਰ ਕਲੇਮ ਫਾਰਮ* (Employment Standards Claim Form) ਔਨਲਾਈਨ ਪ੍ਰਾਪਤ ਕਰ ਸਕਦੇ ਹੋ। **ਕਿਰਪਾ ਕਰਕੇ ਨੋਟ ਕਰੋ ਕਿ ESA ਅਤੇ EPFNA ਦੇ ਤਹਿਤ ਵੱਖਰੇ ਫਾਰਮਾਂ ਦੀ ਵਰਤੋਂ ਕੀਤੀ ਜਾਂਦੀ ਹੈ।**